# CHILD WELFARE COUNCIL, PUNJAB

Regd. Under Societies Registration Act 1860, Vide No. 85 of 1961-62
(Affiliated to Indian Council for Child Welfare)
3rd Floor, Karuna Sadan, Sector 11 - B, Chandigarh
E-mail : cwcpunjab@yahoo.com, website : www.cwcpunjab.org

Ref. No. PCWC/ 2022-23/ 1178 – 1199 Date: 22-12-22

ਡਿਪਟੀ ਕਮਿਸ਼ਨਰ
ਅਤੇ ਪ੍ਰੈਜੀਡੈਂਟ
ਜਿਲ੍ਹਾ ਬਾਲ ਭਲਾਈ ਕੌਂਸਲ,
All Distts.

ਵਿਸ਼ਾ: ਸਾਹਿਬਜਾਦਾ ਜੋਰਾਵਰ ਸਿੰਘ ਅਤੇ ਫਤਿਹ ਸਿੰਘ ਦੀ ਲਾਸਾਨੀ ਸ਼ਹਾਦਤ ਬਾਰੇ ਪੇਟਿੰਗ ਮੁਕਾਬਲੇ ਕਰਵਾਉਣ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਜਿਵੇਂ ਕਿ ਆਪ ਸਾਰੇ ਜਾਣਦੇ ਹੋ ਭਾਰਤ ਸਰਕਾਰ ਇਸ ਸਾਲ ਛੋਟੇ ਸਾਹਿਬਜਾਦਿਆਂ ਦੀ ਦੇਸ਼ ਪ੍ਰਤੀ ਕੀਤੀ ਅਦੁੱਤੀ ਕੁਰਬਾਨੀ ਅਤੇ ਸ਼ਹਾਦਤ ਨੂੰ ਯਾਦ ਕਰਦੇ ਹੋਏ 26 ਦਸੰਬਰ 2022 ਨੂੰ ਵੀਰ ਬਾਲਕ ਦਿਵਸ ਮਨਾਉਣ ਜਾ ਰਹੀ ਹੈ।

ਇਸ ਸਬੰਧ ਵਿੱਚ ਬਾਲ ਭਲਾਈ ਕੌਂਸਲ, ਪੰਜਾਬ ਵੱਲੋਂ ਵੀ ਸਾਹਿਬਜਾਦਾ ਜੋਰਾਵਾਰ ਸਿੰਘ ਅਤੇ ਫਤਿਹ ਸਿੰਘ ਦੀ ਵੀਰਤਾ ਅਤੇ ਨਿਆਂ ਪ੍ਰਤੀ ਜਦੋਜਹਿਦ ਨੂੰ ਧਿਆਨ ਵਿੱਚ ਰੱਖਦੇ ਹੋਏ ਸਪੈਸ਼ਲ ਪੇਟਿੰਗ ਮੁਕਾਬਲੇ ਆਯੋਜਿਤ ਕਰਵਾਏ ਜਾ ਰਹੇ ਹਨ। ਇਹਨਾ ਮੁਕਾਬਲਿਆਂ ਦਾ ਮੁੱਖ ਮੰਤਵ ਅੱਜ ਦੀ ਪੀੜੀ ਨੂੰ ਇਹਨਾਂ ਸ਼ਹਾਦਤਾਂ ਬਾਰੇ ਜਾਣੂ ਕਰਵਾਉਣਾ ਅਤੇ ਨਾਲ ਹੀ ਆਪਣੇ ਇਤਿਹਾਸ ਅਤੇ ਵਿਰਾਸਤ ਪ੍ਰਤੀ ਜਾਗਰੂਕ ਕਰਨਾ ਹੈ। ਇਹਨਾ ਛੋਟੇ ਸਾਹਿਬਜਾਦਿਆਂ ਦੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ ਕਰਦੇ ਹੋਏ ਬਾਲ ਭਲਾਈ ਕੌਂਸਲ, ਪੰਜਾਬ ਹੇਠ ਲਿਖੇ ਵਿਸ਼ਿਆਂ ਤੇ ਪੇਟਿੰਗ ਮੁਕਾਬਲੇ ਆਯੋਜਿਤ ਕਰ ਰਹੀ ਹੈ :-

| ਲੜੀ ਨੰ: | ਉਮਰ ਵਰਗ | ਵਿਸ਼ਾ |
|---|---|---|
| 01 | 5 ਤੋਂ 8 ਸਾਲ | ਠੰਡੇ ਬੁਰਜ ਵਿੱਚ ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜਾਦੇ |
| 02 | 9 ਤੋਂ 12 ਸਾਲ | ਸਰਹੰਦ ਦੀ ਦੀਵਾਰ ਵਿੱਚ ਚਿਣਾਏ ਗਏ ਛੋਟੇ ਸਾਹਿਬਜਾਦੇ ਜੋਰਾਵਰ ਸਿੰਘ ਅਤੇ ਫਤਿਹ ਸਿੰਘ ਜੀ |
| 03 | 13 ਤੋਂ 16 ਸਾਲ | ਵਜੀਰ ਖਾਂ ਦੀ ਕਚਹਿਰੀ ਵਿੱਚ ਈਨ ਨਾ ਮੰਨਦੇ ਹੋਏ ਸਾਹਿਬਜਾਦਾ ਜੋਰਾਵਰ ਸਿੰਘ ਅਤੇ ਫਤਿਹ ਸਿੰਘ ਜੀ। |

ਉਪਰ ਲਿਖਿਤ ਵਿਸ਼ਿਆਂ ਨਾਲ ਸਬੰਧਿਤ ਪੇਟਿੰਗ ਮੁਕਾਬਲੇ ਆਪਣੇ ਆਪਣੇ ਜਿਲ੍ਹਿਆਂ ਵਿੱਚ ਕਰਵਾ ਕੇ ਹਰ ਵਰਗ ਵਿੱਚੋਂ ਪਹਿਲੀਆਂ ਤਿੰਨ ਪੇਟਿੰਗਾਂ ਚੁਣ ਕੇ ਨਿਮਨ ਹਸਤਾਖਰ ਨੂੰ 15 ਜਨਵਰੀ 2023 ਤੱਕ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਇਹਨਾ ਮੁਕਾਬਲਿਆਂ ਨੂੰ ਅਤੀ ਜਰੂਰੀ ਅਤੇ ਮਹੱਤਵਪੂਰਨ ਸਮਝਿਆ ਜਾਵੇ ਜੀ।

ਸ਼ੁਭ ਚਿੰਤਕ

ਸਕੱਤਰ,
ਬਾਲ ਭਲਾਈ ਕੌਂਸਲ,
ਪੰਜਾਬ,ਚੰਡੀਗੜ੍ਹ।
ਮਿਤੀ 22-12-22

ਨੰ: 1200-1221
ਉਪਰੋਕਤ ਦਾ ਇੱਕ ਉਤਾਰਾ ਆਨਰੇਰੀ ਸਕੱਤਰ,ਜਿਲ੍ਹਾ ਭਲਾਈ ਕੌਂਸਲ, All Distts ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ,
ਬਾਲ ਭਲਾਈ ਕੌਂਸਲ,
ਪੰਜਾਬ,ਚੰਡੀਗੜ੍ਹ।

ਦਫਤਰ ਬਾਲ ਭਲਾਈ ਕੌਂਸਲ, ਰੈਡ ਕਰਾਸ ਭਵਨ, ਸਿਵਲ ਸਟੇਸ਼ਨ, ਬਠਿੰਡਾ।

ਨੰ.ਡੀਆਰਸੀ/935—937 ਮਿਤੀ/27/12/2022

ਪੱਤਰ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜ਼ਿਲ੍ਹਾ ਸਿੱਖਿਆ ਅਫਸਰ (ਸੈ.ਐਜੂ.),ਬਠਿੰਡਾ,
2. ਜ਼ਿਲ੍ਹਾ ਸਿੱਖਿਆ ਅਫਸਰ (ਐ.ਐਜੂ.),ਬਠਿੰਡਾ,
3. ਪ੍ਰਿੰਸੀਪਲ, ਐਮਜੀਡੀ ਸਕੂਲ ਫਾਰ ਡੈਫ ਐਂਡ ਡੰਬ ਚਿਲਡਰਨ, ਬਠਿੰਡਾ।

ਅਵੇਤਨੀ ਸਕੱਤਰ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿੱਠ ਅੰਕਣ ਨੰ- ਸ-6/1/(7)/2023 ਮਿਤੀ 09/01/2023

ਉਪਰੋਕਤ ਦਾ ਉਤਾਰਾ ਸਰਕਾਰੀ ਸਕੂਲਾਂ ਨੂੰ ਇਸ ਲਈ ਭੇਜਿਆ ਜਾਂਦਾ ਹੈ ਕਿ ਪੇਂਟਿੰਗ ਮੁਕਾਬਲੇ 10/01/2023 ਨੂੰ ਹਰ ਸਕੂਲ ਵਿਚ ਕਰਵਾਏ ਜਾਣ। 12/01/2023 ਨੂੰ ਜ਼ਿਲ੍ਹਾ ਪੱਧਰ ਤੇ ਪੇਂਟਿੰਗ ਮੁਕਾਬਲਾ ਕਰਵਾਇਆ ਜਾਵੇਗਾ ਜਿਸ ਲਈ ਸਮਾਂ ਸਥਾਨ ਬਾਅਦ ਵਿਚ ਦੱਸਿਆ ਜਾਵੇਗਾ।

9/1/23

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ